


FREIGHTLINER®



# ਬਿਹਤਰ ਐਰੋਡਾਇਨਾਮਿਕ ਡਿਜ਼ਾਈਨ

## ਹਰ ਵੇਰਵੇ ਵਿੱਚ ਕੁਸ਼ਲਤਾ।

ਤੁਸੀਂ ਉਸ ਟਰੱਕ ਨੂੰ ਕਿਵੇਂ ਬਿਹਤਰ ਬਣਾ ਸਕਦੇ ਹੋ, ਜਿਸਦੀ ਫਿਊਲ ਕੁਸ਼ਲਤਾ ਇਸਦੀ ਸ਼ੁਰੂਆਤ ਤੋਂ ਬਾਅਦ ਪਹਿਲਾਂ ਹੀ 35% ਤੱਕ ਵਧ ਚੁੱਕੀ ਹੈ? ਛੋਟੇ ਤੋਂ ਛੋਟੇ ਵੇਰਵਿਆਂ 'ਤੇ ਧਿਆਨ ਦੇ ਕੇ, ਜਿਸ ਨਾਲ ਫਿਫਥ ਜੈਨਰੇਸ਼ਨ Freightliner Cascadia 'ਤੇ ਫਿਊਲ ਕੁਸ਼ਲਤਾ 1.9% ਤੱਕ ਹੋਰ ਵੱਧ ਜਾਂਦੀ ਹੈ, ਅਤੇ ਪਹੀਏ ਦੇ ਹਰ ਚੱਕਰ 'ਤੇ ਸਾਡੇ ਗਾਹਕਾਂ ਲਈ ਲਾਗਤਾਂ ਘਟਦੀਆਂ ਹਨ।

### ਮੂਹਰਲੇ ਪਹੀਏ ਦੇ ਵੈੱਲ ਕਲੋਜ਼ਆਊਟ

ਤਿੰਨ ਹਿੱਸਿਆਂ ਵਾਲੇ ਕੰਪੋਜ਼ਿਟ ਕਲੋਜ਼ਆਊਟ ਸਿਸਟਮ ਵਿੱਚ ਸ਼ਾਮਲ ਹੈ, ਬੰਪਰ ਦੇ ਨਾਲ ਹੁੱਡ ਉੱਤੇ ਲੱਗਿਆ ਅਟੈਚਮੈਂਟ ਅਤੇ ਚੇਸਿਸ ਫੇਅਰਿੰਗ ਉੱਤੇ ਲੱਗੇ ਹਿੱਸੇ, ਜੋ ਹਵਾ ਦੇ ਪ੍ਰਵਾਹ ਨੂੰ ਅਨੁਕੂਲ ਬਣਾ ਕੇ ਅਵਰੋਧ ਨੂੰ ਘੱਟ ਤੋਂ ਘੱਟ ਕਰਦੇ ਹਨ।

### FREIGHTLINER CASCADIA ਲਗਾਤਾਰ

ਟਰੱਕ ਇੰਡਸਟਰੀ ਦੇ ਹਰੇਕ ਪਹਿਲੂ ਦੀ ਅਗਵਾਈ ਕਰਦੇ ਹੋਏ, ਨਵੀਨਤਾ ਵਿੱਚ ਸਭ ਤੋਂ ਅੱਗੇ ਰਿਹਾ ਹੈ। 2007 ਤੋਂ, ਇੱਕ ਮਿਲੀਅਨ ਤੋਂ ਵੱਧ Cascadia ਵਿਕ ਚੁੱਕੇ ਹਨ, ਜੋ ਇਸਨੂੰ ਉੱਤਰੀ ਅਮਰੀਕਾ ਦੀਆਂ ਸੜਕਾਂ 'ਤੇ ਸਭ ਤੋਂ ਵੱਧ ਚਲਾਇਆ ਜਾਣ ਵਾਲਾ ਕਲਾਸ 8 ਟਰੱਕ ਬਣਾਉਂਦਾ ਹੈ। ਫਿਫਥ ਜੈਨਰੇਸ਼ਨ Cascadia ਸੁਰੱਖਿਆ, ਕੁਸ਼ਲਤਾ, ਅਤੇ ਨਫ਼ੇ ਲਈ ਨਵੇਂ ਸਟੈਂਡਰਡ ਬਣਾਉਂਦੇ ਹੋਏ ਆਪਣੀ ਵਿਰਾਸਤ ਨੂੰ ਅੱਗੇ ਵਧਾਉਂਦਾ ਹੈ।

ਫਿਫਥ ਜੈਨਰੇਸ਼ਨ Cascadia ਉੱਨਤ ਸੁਰੱਖਿਆ ਵਿਸ਼ੇਸ਼ਤਾਵਾਂ, ਬਿਹਤਰ ਐਰੋਡਾਇਨਾਮਿਕਸ, ਅਤੇ ਬਿਜਨੇਸ ਇੰਟੈਲੀਜੈਂਸ ਟੂਲ ਪੇਸ਼ ਕਰਦਾ ਹੈ, ਜੋ ਨਫ਼ਾ ਵਧਾਉਣ ਲਈ ਬਣਾਏ ਗਏ ਹਨ। ਸਾਡੇ ਗਾਹਕਾਂ ਦੀ ਰਾਏ ਸੁਣ ਕੇ ਅਤੇ ਡ੍ਰਾਈਵਰਾਂ ਅਤੇ ਫਲੀਟ ਮੈਨੇਜਰਾਂ ਦੀਆਂ ਲੋੜਾਂ ਨੂੰ ਸਮਝ ਕੇ, ਅਸੀਂ ਅਜਿਹਾ ਟਰੱਕ ਬਣਾਇਆ ਹੈ, ਜੋ ਅੱਜ ਦੀਆਂ ਮੰਗਾਂ ਨੂੰ ਪੂਰਾ ਕਰਦਾ ਹੈ ਅਤੇ ਆਉਣ ਵਾਲੇ ਕੱਲ੍ਹ ਲਈ ਫਲੀਟਾਂ ਤਿਆਰ ਕਰਦਾ ਹੈ।

### A-ਪਿੱਲਰ ਡਿਫਲੈਕਟਰ

ਦੁਬਾਰਾ ਡਿਜ਼ਾਈਨ ਕੀਤਾ ਗਿਆ A-ਪਿੱਲਰ ਡਿਫਲੈਕਟਰ ਹੁਣ ਹੋਰ ਵੀ ਲੰਮਾ ਅਤੇ ਹੇਠਾਂ ਵੱਲ ਫੈਲਦਾ ਹੈ, ਜੋ ਹਵਾ ਅਤੇ ਪਾਣੀ ਨੂੰ ਸਾਈਡ ਵਾਲੀ ਖਿੜਕੀ ਅਤੇ ਸ਼ੀਸ਼ੇ ਦੇ ਆਲੇ-ਦੁਆਲੇ ਮੋੜ ਦਿੰਦਾ ਹੈ। ਇਹ ਖਿੜਕੀਆਂ ਦੇ ਆਲੇ-ਦੁਆਲੇ ਹਵਾ ਦੀ ਘੁੰਮਣਘੇਰੀ ਨੂੰ ਘਟਾਉਂਦਾ ਹੈ ਜਿਸ ਨਾਲ ਐਰੋਡਾਇਨਾਮਿਕ ਕੁਸ਼ਲਤਾ ਵੱਧਦੀ ਹੈ, ਫਿਊਲ ਕੁਸ਼ਲਤਾ ਵਿੱਚ ਸੁਧਾਰ ਹੁੰਦਾ ਹੈ, ਅਤੇ ਮੀਂਹ ਦੀਆਂ ਸਥਿਤੀਆਂ ਵਿੱਚ ਦਿੱਸਣਯੋਗਤਾ ਬਿਹਤਰ ਹੁੰਦੀ ਹੈ।

### ਆਕਰਸ਼ਕ ਐਰੋਡਾਇਨਾਮਿਕ ਹੁੱਡ

Cascadia ਦੇ ਹੁੱਡ ਵਿੱਚ ਅਜਿਹੀਆਂ ਸਟਾਈਲਿੰਗ ਲਾਈਨਾਂ ਹਨ ਜੋ ਡ੍ਰਾਈਵਰ ਲਈ ਸ਼ਾਨਦਾਰ ਦਿੱਸਣਯੋਗਤਾ ਕਾਇਮ ਰੱਖਦੇ ਹੋਏ ਐਰੋਡਾਇਨਾਮਿਕ ਹਵਾ ਦੇ ਅਵਰੋਧ ਨੂੰ ਹੋਰ ਵੀ ਘੱਟ ਕਰਦੀਆਂ ਹਨ। ਸੁਰੱਖਿਆ ਅਤੇ ਕੁਸ਼ਲਤਾ ਦਾ ਸ਼ਾਨਦਾਰ ਸੁਮੇਲ।

### ਮੈਕਸ ਐਰੋ ਬੰਪਰ

ਇੱਕ ਮੁੜ ਡਿਜ਼ਾਈਨ ਕੀਤਾ ਗਿਆ ਮੈਕਸ ਐਰੋ ਬੰਪਰ ਫਿਊਲ ਕੁਸ਼ਲਤਾ, ਟਿਕਾਊਪਣ ਨੂੰ ਵਧਾਉਂਦਾ ਹੈ, ਅਤੇ ਏਅਰ ਡੈਮ ਵਿੱਚ ਆਪਣੇ ਸੁਧਾਰ ਅਤੇ ਬੰਪਰ ਏਅਰ ਡਕਟਾਂ ਸ਼ਾਮਲ ਕਰਕੇ ਅਵਰੋਧ ਨੂੰ ਘਟਾਉਂਦਾ ਹੈ। ਏਅਰ ਡਕਟਸ, ਟਰੱਕ ਦੇ ਮੂਹਰਲੇ ਪਾਸੇ ਤੋਂ ਹਵਾ ਦੇ ਪ੍ਰਵਾਹ ਨੂੰ ਟਾਇਰਾਂ ਦੇ ਆਲੇ-ਦੁਆਲੇ ਮੋੜ ਕੇ ਹਵਾ ਦੇ ਅਵਰੋਧ ਨੂੰ ਘੱਟ ਤੋਂ ਘੱਟ ਕਰਦੇ ਹਨ, ਜਦਕਿ ਤਿੰਨ ਹਿੱਸਿਆਂ ਵਾਲਾ ਏਅਰ ਡੈਮ ਹਵਾ ਦੇ ਪ੍ਰਵਾਹ ਨੂੰ ਟਰੱਕ ਦੇ ਹੇਠਾਂ ਵੱਲ ਦਿਸ਼ਾ ਦਿੰਦਾ ਹੈ।

# ਉੱਨਤ ਸੁਰੱਖਿਆ ਸਿਸਟਮ
## ਮੀਲ ਦਰ ਮੀਲ, ਮਨ ਦੀ ਸ਼ਾਂਤੀ ਲਈ।

### ਸੁਰੱਖਿਆ ਸਿਸਟਮਾਂ ਦੇ ABA6 ਸੂਈਟ ਦੇ ਨਾਲ DETROIT ASSURANCE®

ਅਜਿਹੇ ਉੱਨਤ ਸੁਰੱਖਿਆ ਸਿਸਟਮਾਂ ਨੂੰ ਅਨੁਭਵ ਕਰੋ, ਜੋ ਸੜਕ ਸੁਰੱਖਿਆ ਨੂੰ ਪਹਿਲਾਂ ਤੋਂ ਕਿਤੇ ਵੱਧ ਤਰਜੀਹ ਦਿੰਦੇ ਹਨ। ਅਤਿ-ਆਧੁਨਿਕ ਫਿਊਜ਼ਡ ਕੈਮਰਾ ਅਤੇ ਰਡਾਰ ਤਕਨਾਲੋਜੀ ਵਰਤਦੇ ਹੋਏ, ਟਰੱਕ ਦੇ ਆਲੇ-ਦੁਆਲੇ 270 ਡਿਗਰੀ ਨਜ਼ਰ ਰੱਖੀ ਜਾਂਦੀ ਹੈ ਜੋ ਵਾਹਨਾਂ, ਸਾਈਕਲਾਂ, ਅਤੇ ਪੈਦਲ ਚੱਲਣ ਵਾਲਿਆਂ ਨੂੰ ਪ੍ਰਤੀ ਸਕਿੰਟ 14 ਤੋਂ ਵੱਧ ਵਾਰ ਟ੍ਰੈਕ ਕਰਦਾ ਹੈ। Detroit Assurance ਦੇ ਨਾਲ, ਪੂਰੇ ਵਿਸ਼ਵਾਸ ਨਾਲ ਸਮੇਂ ਸਿਰ ਡਿਲੀਵਰੀ ਕਰਨ 'ਤੇ ਧਿਆਨ ਕੇਂਦ੍ਰਿਤ ਕਰੋ।



DETROIT ASSURANCE

### ਐਕਟਿਵ ਬ੍ਰੇਕ ਅਸਿਸਟ 6 (ABA6)

ਬਿਹਤਰ ਆਟੋਮੈਟਿਕ ਐਮਰਜੈਂਸੀ ਬ੍ਰੇਕਿੰਗ ਹੁਣ ਵੱਧ ਸਥਿਤੀਆਂ ਵਿੱਚ ਟੱਕਰ ਘਟਾਉਣ ਵਾਲਾ ਸਿਸਟਮ ਮੁਹੱਈਆ ਕਰਦੀ ਹੈ।



ਐਕਟਿਵ ਬ੍ਰੇਕ ਅਸਿਸਟ 6 (ABA6) ਹੁਣ ਨਾਲ ਲੱਗਦੀਆਂ ਲੇਨਾਂ ਵਿੱਚ ਵਾਹਨਾਂ ਦਾ ਪਤਾ ਲਗਾ ਸਕਦਾ ਹੈ। ਜੇਕਰ ਡ੍ਰਾਈਵਰ ਆਪਣੀ ਮੌਜੂਦਾ ਲੇਨ ਵਿੱਚ ਟੱਕਰ ਤੋਂ ਬਚਣ ਲਈ ਐਨ ਟਾਈਮ 'ਤੇ ਉਨ੍ਹਾਂ ਲੇਨਾਂ ਵਿੱਚ ਅਚਾਨਕ ਮੁੜਦਾ ਹੈ ਤਾਂ ABA6 ਟਰੱਕ ਨੂੰ ਤੁਰੰਤ ਪ੍ਰਤਿਕਿਰਿਆ ਕਰਨ ਯੋਗ ਬਣਾਉਂਦਾ ਹੈ।



ABA6 ਦਾ ਪਤਾ ਲਗਾਉਣ ਦਾ ਵਧਿਆ ਹੋਇਆ ਖੇਤਰ, ਸਿਸਟਮ ਨੂੰ ਮੋੜਾਂ 'ਤੇ ਦਿੱਸਣਯੋਗ ਵਾਹਨਾਂ ਦਾ ਪਤਾ ਲਗਾਉਣ ਅਤੇ ਉਹਨਾਂ 'ਤੇ ਚਿਤਾਵਣੀਆਂ ਜਾਰੀ ਕਰਨ ਜਾਂ ਆਟੋਮੈਟਿਡ ਐਮਰਜੈਂਸੀ ਬ੍ਰੇਕਾਂ ਲਗਾਉਣ ਦੇ ਯੋਗ ਬਣਾਉਂਦਾ ਹੈ।



ABA6 ਵਿੱਚ ਹੁਣ ਥੋੜ੍ਹੇ ਕਿਨਾਰੇ 'ਤੇ ਚੱਲਣ ਵਾਲੇ ਵਾਹਨਾਂ ਅਤੇ ਤਿਰਛੇ ਖੜ੍ਹੇ ਵਾਹਨਾਂ ਨੂੰ ਪਛਾਣਨ ਅਤੇ ਪ੍ਰਤਿਕਿਰਿਆ ਕਰਨ ਦੀ ਸਮਰੱਥਾ ਹੈ, ਜੋ ਆਮ ਤੌਰ 'ਤੇ ਅੱਗੇ ਹੋਏ ਕਿਸੇ ਹਾਦਸੇ ਤੋਂ ਬਾਅਦ ਦੀਆਂ ਸਥਿਤੀਆਂ ਵਿੱਚ ਵੇਖਿਆ ਜਾਂਦਾ ਹੈ।

*Detroit Assurance ਸੁਰੱਖਿਆ ਸਿਸਟਮ, ਜਿਹਨਾਂ ਵਿੱਚ ABA6 ਅਤੇ ਇਸ ਨਾਲ ਸੰਬੰਧਿਤ ਹੋਰ ਵਿਸ਼ੇਸ਼ਤਾਵਾਂ ਹਨ, ਡ੍ਰਾਈਵਰ ਨੂੰ ਚਿਤਾਵਨੀਆਂ ਅਤੇ ਟੀਚਾਗਤ ਸਿਸਟਮ ਪ੍ਰਤਿਕਿਰਿਆਵਾਂ ਰਾਹੀਂ ਨਿਸ਼ਚਿਤ ਟੱਕਰ ਦੀਆਂ ਸਥਿਤੀਆਂ ਨੂੰ ਘਟਾਉਣ ਵਿੱਚ ਮਦਦ ਲਈ ਤਿਆਰ ਕੀਤੇ ਗਏ ਹਨ, ਡ੍ਰਾਈਵਰ ਦੇ ਨਿਰਣੇ ਜਾਂ ਜ਼ਿੰਮੇਵਾਰੀ ਦੀ ਜਗ੍ਹਾ ਲੈਣ ਵਾਸਤੇ ਨਹੀਂ।*

## ਇਸ ਤੋਂ ਇਲਾਵਾ, DETROIT ASSURANCE ਤੋਂ ਨਵੀਆਂ ਵਿਸ਼ੇਸ਼ਤਾਵਾਂ



### ਐਕਟਿਵ ਲੇਨ ਅਸਿਸਟ 2*

- ਐਕਟਿਵ ਬ੍ਰੇਕ ਅਸਿਸਟ ਦੇ ਉੱਨਤ ਸੈਂਸਰ ਸੁਈਟ ਨੂੰ ਵਰਤਦੇ ਹੋਏ, ਜੋ ਸਟੀਅਰਿੰਗ ਕਾੱਲਮ ਵਿੱਚ ਲੱਗੀ ਮੋਟਰ ਨਾਲ ਜੁੜਿਆ ਹੋਇਆ ਹੈ, ਐਕਟਿਵ ਲੇਨ ਅਸਿਸਟ ਡ੍ਰਾਈਵਰਾਂ ਨੂੰ ਭਰੋਸੇਯੋਗ ਸਟੀਅਰਿੰਗ ਸਹਾਇਤਾ ਮੁਹੱਈਆ ਕਰਦਾ ਹੈ।
- ਲੇਨ ਚੇਂਜ ਅਸਿਸਟ ਸਾਈਡ ਰਡਾਰ ਤਕਨਾਲੋਜੀ ਦੀ ਵਰਤੋਂ ਕਰਕੇ ਬਲਾਈਂਡ ਸਪੌਟਸ 'ਤੇ ਨਜ਼ਰ ਰੱਖਦਾ ਹੈ, ਅਤੇ ਜੇ ਟਰੱਕ ਨੂੰ ਵਾਹਨਾਂ ਵਾਲੀ ਲੇਨ ਵਿੱਚ ਲਿਜਾਉਣਾ ਸ਼ੁਰੂ ਕੀਤਾ ਜਾਵੇ ਤਾਂ ਟਰੱਕ ਨੂੰ ਸਰਗਰਮੀ ਨਾਲ ਵਾਪਸ ਸਟੀਅਰ ਕਰਦਾ ਹੈ, ਭਾਵੇਂ ਮੋੜਨ ਦਾ ਸਿਗਨਲ ਇੰਡੀਕੇਟਰ ਚਾਲੂ ਹੋਵੇ।
- ਲੇਨ ਕੀਪ ਅਸਿਸਟ, ਕ੍ਰੂਜ਼ ਕੰਟ੍ਰੋਲ ਵਿੱਚ ਹੋਣ ਵੇਲੇ ਟਰੱਕ ਨੂੰ ਇਸਦੀ ਲੇਨ ਵਿੱਚ ਵਿਚਾਲੇ ਰੱਖਣ ਲਈ ਲੇਨ ਮਾਰਕਿੰਗ ਨੂੰ ਪੜ੍ਹਦਾ ਹੈ। ਜੇਕਰ ਡ੍ਰਾਈਵਰ ਕਈ ਸੁਣਨਯੋਗ ਅਤੇ ਦਿੱਸਣਯੋਗ ਚਿਤਾਵਨੀਆਂ ਦੇ ਬਾਅਦ ਵੀ ਸਟੀਅਰਿੰਗ ਵ੍ਹੀਲ ਨੂੰ ਨਹੀਂ ਵਰਤਦਾ, ਤਾਂ ਟਰੱਕ ਰੁਕਣ ਲਈ ਹੌਲੀ ਹੋ ਜਾਵੇਗਾ ਅਤੇ ਸੰਭਾਵੀ ਐਮਰਜੈਂਸੀ ਸਥਿਤੀ ਦੀ ਚਿਤਾਵਨੀ ਦੇਣ ਲਈ ਖ਼ਤਰਾ ਲਾਈਟਾਂ ਨੂੰ ਚਾਲੂ ਕਰ ਦੇਵੇਗਾ, ਅਤੇ ਇਹ ਸਭ ਇਹ ਟਰੱਕ ਨੂੰ ਇਸਦੀ ਲੇਨ ਵਿੱਚ ਵਿਚਾਲੇ ਰੱਖਦੇ ਹੋਏ ਕਰੇਗਾ।
- ਲੇਨ ਡਿਪਾਰਚਰ ਪ੍ਰੋਟੈਕਸ਼ਨ, ਲੇਨ ਮਾਰਕਿੰਗ ਨੂੰ ਪੜ੍ਹ ਕੇ Cascadia ਨੂੰ ਵਾਪਸ ਇਸਦੀ ਲੇਨ ਵਿੱਚ ਲਿਆਉਣ ਵਿੱਚ ਮਦਦ ਕਰਦਾ ਹੈ, ਜੇਕਰ ਇਹ ਲੇਨ ਤੋਂ ਬਾਹਰ ਨਿਕਲਣ ਲੱਗੇ।

*ਵਿਕਲਪਿਕ ਵਿਸ਼ੇਸ਼ਤਾਵਾਂ

### ਕ੍ਰੌਸ ਟ੍ਰੈਫਿਕ ਅਸਿਸਟ

- ਜਦੋਂ ਕੋਈ ਵਾਹਨ ਪੈਸੇਂਜਰ ਜਾਂ ਡ੍ਰਾਈਵਰ ਵਾਲੇ ਪਾਸੇ ਤੋਂ ਟਰੱਕ ਦੇ ਰਸਤੇ ਨੂੰ ਪਾਰ ਕਰ ਰਿਹਾ ਹੋਵੇ—ਤਾਂ ਟੱਕਰ ਦੀ ਸੰਭਾਵਨਾ ਦੇ ਅਧਾਰ 'ਤੇ—ਪਾਰ ਕਰ ਰਹੇ ਵਾਹਨਾਂ ਦੀ ਪਛਾਣ ਅਤੇ ਉਹਨਾਂ ਨੂੰ ਟ੍ਰੈਕ ਕਰਨ ਲਈ ਡਿਜ਼ਾਈਨ ਕੀਤਾ ਗਿਆ, ਕ੍ਰੌਸ ਟ੍ਰੈਫਿਕ ਅਸਿਸਟ ਚੌਰਾਹਿਆਂ 'ਤੇ ਅੰਸ਼ਕ ਜਾਂ ਫੁਲ ਬ੍ਰੇਕ ਮੁਹੱਈਆ ਕਰਕੇ ਵਧੀ ਹੋਈ ਸਹਾਇਤਾ ਦਿੰਦਾ ਹੈ।

### ਸਾਈਡ ਗਾਰਡ ਅਲਰਟ 2

- ਟਰੱਕ ਦੇ ਡ੍ਰਾਈਵਰ ਅਤੇ ਪੈਸੇਂਜਰ ਵਾਲੇ ਦੋਵਾਂ ਪਾਸਿਆਂ ਤੋਂ, ਵਾਹਨਾਂ, ਪੈਦਲ ਚੱਲਣ ਵਾਲਿਆਂ, ਅਤੇ ਸਾਈਕਲ ਸਵਾਰਾਂ ਦਾ ਪਤਾ ਲਗਾਉਂਦਾ ਹੈ, ਬਲਾਈਂਡ ਸਪੌਟਸ ਦੇ ਅੰਦਰ ਹੋਣ ਸਮੇਤ।
- ਜਦੋਂ ਚੱਲ ਰਹੀਆਂ ਜਾਂ ਸਥਿਰ ਵਸਤੂਆਂ ਨਾਲ ਜੁੜੇ ਸੰਭਾਵੀ ਟੱਕਰ ਦੇ ਜੋਖਮ ਪਤਾ ਲੱਗਦਾ ਹੈ ਤਾਂ ਦਿੱਸਣਯੋਗ ਅਤੇ ਸੁਣਨਯੋਗ ਚਿਤਾਵਨੀਆਂ ਦਿੰਦਾ ਹੈ।
- ਸਾਈਡ ਤੋਂ ਟੱਕਰ ਅਤੇ ਬਲਾਈਂਡ ਸਪੌਟ ਸੰਬੰਧੀ ਹਾਦਸਿਆਂ ਨੂੰ ਰੋਕਣ ਵਿੱਚ ਮਦਦ ਕਰਕੇ ਡ੍ਰਾਈਵਰ ਦੀ ਜਾਗਰੂਕਤਾ ਅਤੇ ਸਮੁੱਚੀ ਸੁਰੱਖਿਆ ਨੂੰ ਵਧਾਉਂਦਾ ਹੈ।

### ਐਕਟਿਵ ਸਾਈਡ ਗਾਰਡ ਅਸਿਸਟ 2

- ਹਰ ਮੋੜ 'ਤੇ ਜ਼ਿਆਦਾ ਆਤਮਵਿਸ਼ਵਾਸ਼ ਲਿਆਉਣ ਲਈ ਤਿਆਰ ਕੀਤਾ ਗਿਆ, ਐਕਟਿਵ ਸਾਈਡ ਗਾਰਡ ਅਸਿਸਟ 2 ਖੱਬੇ ਅਤੇ ਸੱਜੇ ਦੋਵਾਂ ਪਾਸੇ ਦੇ ਮੋੜਾਂ 'ਤੇ ਸਰਗਰਮ ਬ੍ਰੇਕਾਂ ਮੁਹੱਈਆ ਕਰਦਾ ਹੈ।
- ਖੱਬੇ ਪਾਸੇ ਦੇ ਮੋੜਾਂ 'ਤੇ ਬ੍ਰੇਕ ਲਗਾਉਣਾ: ਜਦੋਂ ਸਿਗਨਲ ਦੇ ਕੇ ਖੱਬੇ ਪਾਸੇ ਮੁੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਸੰਭਾਵੀ ਟੱਕਰ ਦੇ ਜੋਖਮਾਂ ਦੀ ਪਛਾਣ ਕਰਨ ਲਈ ਆਉਣ ਵਾਲੇ ਟ੍ਰੈਫਿਕ 'ਤੇ ਨਜ਼ਰ ਰੱਖਦਾ ਹੈ, ਅਤੇ ਬ੍ਰੇਕ ਲਗਾਉਣ ਤੋਂ ਪਹਿਲਾਂ ਦਿੱਸਣ ਅਤੇ ਸੁਣਨਯੋਗ ਚਿਤਾਵਨੀਆਂ ਜਾਰੀ ਕਰਦਾ ਹੈ।
- ਸੱਜੇ ਪਾਸੇ ਦੇ ਮੋੜਾਂ 'ਤੇ ਬ੍ਰੇਕ ਲਗਾਉਣਾ: ਪੈਸੇਂਜਰ ਵਾਲੇ ਪਾਸੇ ਦੇ ਬਲਾਈਂਡ ਸਪੌਟਸ 'ਤੇ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ 'ਤੇ ਨਜ਼ਰ ਰੱਖਦਾ ਹੈ ਅਤੇ ਜੇਕਰ ਮੁੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਅੰਸ਼ਕ ਜਾਂ ਫੁਲ ਬ੍ਰੇਕ ਲਗਾਉਣ ਤੋਂ ਪਹਿਲਾਂ ਦਿੱਸਣ ਅਤੇ ਸੁਣਨਯੋਗ ਚਿਤਾਵਨੀਆਂ ਜਾਰੀ ਕਰਦੇ ਹੋਏ ਬ੍ਰੇਕ ਲਗਾਉਂਦਾ ਹੈ।

## CASCADIA ਲਈ ਵਾਧੂ ਸੁਰੱਖਿਆ ਵਿਸ਼ੇਸ਼ਤਾਵਾਂ:

### MIRRORCAM ਸਿਸਟਮ*

- ਸਾਈਡ ਅਤੇ ਪਿੱਛੇ ਵੱਲ ਦੀ ਦਿੱਸਣਯੋਗਤਾ ਨੂੰ ਵਧਾਉਣ ਲਈ ਬਾਹਰੀ ਕੈਮਰਿਆਂ ਅਤੇ ਕੈਬ ਦੇ ਅੰਦਰ ਵਾਲੇ ਡਿਜੀਟਲ ਮਾਨੀਟਰਾਂ ਦਾ ਇਸਤੇਮਾਲ ਕਰਦਾ ਹੈ।
- ਵੱਡੇ ਖੇਤਰ ਦਾ ਦ੍ਰਿਸ਼ ਮੁਹੱਈਆ ਕਰਦਾ ਹੈ, ਬਲਾਈਂਡ ਸਪੌਟਸ ਨੂੰ ਘਟਾਉਂਦਾ ਹੈ, ਅਤੇ ਸੁਰੱਖਿਆ ਨੂੰ ਬਿਹਤਰ ਬਣਾਉਂਦਾ ਹੈ।
- ਸਕ੍ਰੀਨ ਦਾ ਸਥਾਨ ਸਿਰ ਦੀ ਹਿਲਜੁੱਲ ਅਤੇ ਅੱਖਾਂ 'ਤੇ ਤਣਾਅ ਨੂੰ ਘਟਾਉਂਦਾ ਹੈ।
- ਟ੍ਰੇਲਰ ਟ੍ਰੈਕਿੰਗ ਅਤੇ ਟ੍ਰੇਲਰ ਦੇ ਅਖੀਰ ਨੂੰ ਦਰਸਾਉਣ ਵਾਲੀਆਂ ਲਾਈਨਾਂ, ਜੋ ਇਹ ਯਕੀਨੀ ਬਣਾਉਂਦੀਆਂ ਹਨ ਕਿ ਡ੍ਰਾਈਵਰ ਟ੍ਰੇਲਰ ਦਾ ਅਖੀਰ ਦੇਖ ਸਕੇ ਅਤੇ ਉਹਨਾਂ ਰੁਕਾਵਟਾਂ ਤੋਂ ਬਚ ਸਕੇ, ਜੋ ਰਵਾਇਤੀ ਸ਼ੀਸ਼ਿਆਂ ਨਾਲ ਨਹੀਂ ਦਿੱਸ ਸਕਦੀਆਂ।
- ਇੰਫਰਾਰੈੱਡ ਤਕਨਾਲੋਜੀ ਅਤੇ ਹਾਈਡ੍ਰੋਫੋਬਿਕ ਕੋਟਿੰਗ ਦੇ ਨਾਲ, MirrorCam ਬਾਹਰ ਵੱਲ ਦੀ ਦਿੱਸਣਯੋਗਤਾ ਨੂੰ ਬਿਹਤਰ ਬਣਾਉਂਦਾ ਹੈ, ਖਾਸ ਕਰਕੇ ਰਾਤ ਵੇਲੇ ਅਤੇ ਜਦੋਂ ਮੌਸਮ ਕਾਫੀ ਖਰਾਬ ਹੁੰਦਾ ਹੈ।

### ਡੂਅਲ-ਸਟੇਜ ਇੰਟੈਲੀਜੈਂਟ LED ਹੈੱਡਲਾਈਟਾਂ

- ਡ੍ਰਾਈਵਰ ਦੇ ਦਖਲ ਤੋਂ ਬਿਨਾਂ ਠੰਡ ਦੇ ਮੌਸਮ ਵਿੱਚ ਬਰਫ ਪਿਘਲਾਉਣ ਅਤੇ ਸਿੱਲ੍ਹੇ ਮੌਸਮ ਵਿੱਚ ਧੁੰਦ ਹਟਾਉਣ ਦੀ ਸਮਰੱਥਾ।
- ਵਧਿਆ ਹੋਇਆ 45-ਡਿਗਰੀ ਬੀਮ ਪੈਟਰਨ ਅਤੇ ਆਟੋ ਹਾਈ ਬੀਮ ਵਿਸ਼ੇਸ਼ਤਾ।
- ਜ਼ਿਆਦਾ ਦਿੱਸਣਯੋਗਤਾ ਮੁਹੱਈਆ ਕਰਦਾ ਹੈ ਅਤੇ ਫੌਗ ਲਾਈਟਾਂ ਦੀ ਲੋੜ ਨੂੰ ਖਤਮ ਕਰਦਾ ਹੈ, ਜਿਸ ਨਾਲ ਗਾਹਕ ਦੇ ਖ਼ਰਚੇ ਘਟਦੇ ਹਨ।
- ਟੱਕਰ-ਰੋਧੀ ਡਿਜ਼ਾਈਨ, ਮਤਲਬ ਘੱਟ ਵਾਰ ਹੈੱਡਲਾਈਟ ਨੂੰ ਬਦਲਣਾ।

# ਇੰਟੈਲੀਜੈਂਟ ਬ੍ਰੇਕਿੰਗ ਕੰਟ੍ਰੋਲ ਸਿਸਟਮ

## ਵਧੇਰੇ ਸਮਾਰਟ ਅਤੇ ਸੁਰੱਖਿਅਤ ਡ੍ਰਾਈਵਿੰਗ ਲਈ ਤਿਆਰ ਕੀਤਾ ਗਿਆ ਬ੍ਰੇਕਿੰਗ ਸਿਸਟਮ।

ਇੰਟੈਲੀਜੈਂਟ ਬ੍ਰੇਕਿੰਗ ਕੰਟ੍ਰੋਲ ਸਿਸਟਮ, ਪੂਰੇ ਨਿਊਮੈਟਿਕ ਬੈਕ-ਅੱਪ ਦੇ ਨਾਲ ਬ੍ਰੇਕ-ਬਾਇ-ਵਾਇਰ ਤਕਨਾਲੋਜੀ ਪੇਸ਼ ਕਰਦਾ ਹੈ, ਜੋ ਹਰ ਪਹੀਏ ਵਿੱਚ ਭੇਜੀ ਜਾਣ ਵਾਲੀ ਹਵਾ ਨੂੰ ਸਟੀਕ ਅਤੇ ਸੁਤੰਤਰ ਢੰਗ ਨਾਲ ਨਿਯੰਤ੍ਰਿਤ ਕਰਨ ਦੀ ਸਹੂਲਤ ਦਿੰਦਾ ਹੈ। ਸਿਸਟਮ ਵਿੱਚ ਇੱਕ ਇਲੈਕਟ੍ਰੋਨਿਕ ਪਾਰਕ ਬ੍ਰੇਕ ਵਿਸ਼ੇਸ਼ਤਾ ਸ਼ਾਮਲ ਹੈ, ਜੋ ਖੜ੍ਹੇ ਟਰੱਕ ਦੇ ਆਪਣੇ ਆਪ ਚਲਣਾ ਸ਼ੁਰੂ ਕਰਨ ਦੇ ਹਾਦਸਿਆਂ ਅਤੇ ਵੱਡੇ ਨੁਕਸਾਨ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ। ਬਿਹਤਰ ਸਰਵਿਸ ਬ੍ਰੇਕਿੰਗ ਦੇ ਸੁਮੇਲ ਨਾਲ, ਇੰਟੈਲੀਜੈਂਟ ਬ੍ਰੇਕਿੰਗ ਕੰਟ੍ਰੋਲ ਸਿਸਟਮ, ਬ੍ਰੇਕ ਕੁਸ਼ਲਤਾ ਨੂੰ ਵੱਧ ਤੋਂ ਵੱਧ ਕਰਦਾ ਹੈ, ਜਿਸ ਨਾਲ ਬ੍ਰੇਕਾਂ ਦੀ ਉਮਰ ਵਧਦੀ ਹੈ ਅਤੇ ਰੱਖ-ਰਖਾਅ ਦੇ ਖ਼ਰਚੇ ਘਟਦੇ ਹਨ ਤਾਂ ਜੋ ਤੁਸੀਂ ਲੰਮੇ ਸਮੇਂ ਤੱਕ ਸੜਕ ‘ਤੇ ਬਣੇ ਰਹੋ।



### ਇਲੈਕਟ੍ਰੋਨਿਕ ਪਾਰਕ ਬ੍ਰੇਕ

- ਆਪਣੇ ਆਪ ਚੱਲਣ ਦੀ ਰੋਕਥਾਮ ਨੂੰ ਸਮਰੱਥ ਕਰਦੀ ਹੈ: ਜੇਕਰ ਡ੍ਰਾਈਵਰ ਸੀਟ ਛੱਡਣ ਜਾਂ ਦਰਵਾਜ਼ਾ ਖੋਲ੍ਹਣ ਵੇਲੇ ਪਾਰਕਿੰਗ ਬ੍ਰੇਕ ਲਗਾਉਣਾ ਭੁੱਲ ਜਾਂਦਾ ਹੈ, ਤਾਂ ਸਿਸਟਮ ਆਪਣੇ ਆਪ ਪਾਰਕਿੰਗ ਬ੍ਰੇਕ ਲਗਾ ਦਿੰਦਾ ਹੈ, ਜਿਸ ਨਾਲ ਹਾਦਸਾ ਅਤੇ ਵੱਡਾ ਨੁਕਸਾਨ ਨਹੀਂ ਹੁੰਦਾ।
- ਏਅਰ ਵਾਲਵਾਂ ਨੂੰ ਇਲੈਕਟ੍ਰੋਨਿਕ ਤੌਰ ‘ਤੇ ਨਿਯੰਤ੍ਰਿਤ ਪੁਸ਼-ਬਟਨ ਸਿਸਟਮ ਦੇ ਨਾਲ ਬਦਲਿਆ ਗਿਆ ਹੈ, ਜੋ ਅਸਾਨੀ ਨਾਲ ਲੱਗਣ ਵਾਲੀ ਪਾਰਕਿੰਗ ਬ੍ਰੇਕ ਮੁਹੱਈਆ ਕਰਕੇ ਡ੍ਰਾਈਵਰ ਦੇ ਅਨੁਭਵ ਨੂੰ ਵਧਾਉਂਦਾ ਹੈ।

### ਬਿਹਤਰ ਸਰਵਿਸ ਬ੍ਰੇਕਿੰਗ

- ਇਹ ਸਿਸਟਮ ਐਂਡੁਰੈਂਸ ਬ੍ਰੇਕਿੰਗ ਪੇਸ਼ ਕਰਦਾ ਹੈ, ਜੋ ਡ੍ਰਾਈਵਰ ਵੱਲੋਂ ਬ੍ਰੇਕ ਪੈਡਲ ਦਬਾਉਂਦੇ ਹੀ ਸਰਵਿਸ ਬ੍ਰੇਕਾਂ ਅਤੇ ਇੰਜਣ ਰਿਟਾਰਡਰ ਨੂੰ ਬਿਨਾਂ ਕਿਸੇ ਰੁਕਾਵਟ ਦੇ ਨਾਲ ਮਿਲਾ ਦਿੰਦਾ ਹੈ। ਇਹ ਵਿਸ਼ੇਸ਼ਤਾ ਬ੍ਰੇਕ ਪੈਡ ਦੀ ਘਸਾਈ ਨੂੰ ਘਟਾਉਂਦੀ ਹੈ, ਜਿਸ ਨਾਲ ਬ੍ਰੇਕਾਂ ਦੀ ਕਾਰਗੁਜ਼ਾਰੀ ਦੀ ਮਿਆਦ ਵਧਦੀ ਹੈ।
- ਕਮਫਰਟ ਬ੍ਰੇਕਿੰਗ, ਬ੍ਰੇਕ ਦਬਾਅ ਨੂੰ ਇਕਸਾਰ ਵੰਡ ਕੇ, ਲਾਈਨਿੰਗ ਦੀ ਘਿਸਾਈ ਨੂੰ ਘਟਾ ਕੇ ਅਤੇ ਸੜਕ ‘ਤੇ ਡ੍ਰਾਈਵਰ ਦੇ ਅਰਾਮ ਨੂੰ ਬਿਹਤਰ ਬਣਾ ਕੇ ਡ੍ਰਾਈਵਰ ਨੂੰ ਨਿਰਵਿਘਨ ਬ੍ਰੇਕਿੰਗ ਅਨੁਭਵ ਮੁਹੱਈਆ ਕਰਦੀ ਹੈ।
- ਸ਼ਾਮਲ ਕੀਤੀ ਬ੍ਰੇਕ ਅਸਿਸਟ ਵਿਸ਼ੇਸ਼ਤਾ ਦੇ ਨਾਲ, ਇੰਟੈਲੀਜੈਂਟ ਬ੍ਰੇਕਿੰਗ ਕੰਟ੍ਰੋਲ ਸਿਸਟਮ ਪੈਡਲ ‘ਤੇ ਲਗਾਏ ਗਏ ਦਬਾਅ ‘ਤੇ ਨਜ਼ਰ ਰੱਖਦਾ ਹੈ ਅਤੇ ਉਸੇ ਮੁਤਾਬਕ ਪ੍ਰਤਿਕਿਰਿਆ ਕਰਦਾ ਹੈ, ਤਾਂ ਜੋ ਜਿਵੇਂ ਹੀ ਡ੍ਰਾਈਵਰ ਬ੍ਰੇਕ ਲਗਾਉਂਦਾ ਹੈ ਵੱਧ ਤੋਂ ਵੱਧ ਬ੍ਰੇਕ ਲਗਾਈ ਜਾ ਸਕੇ।
- ਬ੍ਰੇਕ ਤਾਪਮਾਨ ਚਿਤਾਵਨੀ ਸਿਸਟਮ ਦੇ ਨਾਲ ਏਕੀਕ੍ਰਿਤ, ਜੇਕਰ ਬ੍ਰੇਕਾਂ ਬਹੁਤ ਜ਼ਿਆਦਾ ਗਰਮ ਹੋ ਜਾਂਦੀਆਂ ਹਨ ਤਾਂ ਇਹ ਡ੍ਰਾਈਵਰ ਨੂੰ ਡੈਸ਼ਬੋਰਡ ਵਿੱਚ ਪੌਪ-ਅੱਪ ਦੇ ਕੇ ਸੁਚੇਤ ਕਰਦਾ ਹੈ।

**ਇਹ ਇੰਟੈਲੀਜੈਂਟ ਸਿਸਟਮ ਬ੍ਰੇਕ ਕੁਸ਼ਲਤਾ ਨੂੰ ਵੱਧ ਤੋਂ ਵੱਧ ਕਰਦਾ ਹੈ, ਜਿਸ ਨਾਲ ਬ੍ਰੇਕਾਂ ਦੀ ਉਮਰ ਵਧਦੀ ਹੈ ਅਤੇ ਰੱਖ-ਰਖਾਅ ਦੇ ਖ਼ਰਚੇ ਘਟਦੇ ਹਨ ਤਾਂ ਜੋ ਤੁਸੀਂ ਲੰਮੇ ਸਮੇਂ ਤੱਕ ਸੜਕ ‘ਤੇ ਬਣੇ ਰਹੋ।**




ਉਹਨਾਂ ਦੇ ਨਾਮ, ਜੋ ਸਭ ਤੋਂ ਅੱਗੇ ਹਨ।
CASCADIA®

# ਬਿਜਨੇਸ ਇੰਟੈਲੀਜੈਂਸ ਟੂਲ
## ਵੱਧ ਤੋਂ ਵੱਧ ਸੁਰੱਖਿਆ। ਵੱਧ ਤੋਂ ਵੱਧ ਨਫ਼ਾ।

ਫਿਫਥ ਜੈਨਰੇਸ਼ਨ Freightliner Cascadia, ਤੁਹਾਡੇ ਬਿਜਨੇਸ ਦੀ ਰੱਖਿਆ ਕਰਨ ਅਤੇ ਨਫ਼ੇ ਨੂੰ ਵਧਾਉਣ ਲਈ ਤਿਆਰ ਕੀਤੇ ਗਏ ਇੱਕ ਬਿਲਕੁਲ ਨਵੇਂ ਤਕਨਾਲੋਜ ਪਲੇਟਫਾਰਮ ਦੇ ਨਾਲ ਆਉਂਦਾ ਹੈ। ਇਹ ਪਲੇਟਫਾਰਮ ਟਰੱਕਾਂ ਨੂੰ ਸੰਭਾਵੀ ਸਾਈਬਰ ਹਮਲਿਆਂ ਤੋਂ ਬਚਾਉਂਦਾ ਹੈ, ਟਰੱਕਾਂ ਦੀ ਅਸਲੀ-ਸਮੇਂ ਦੀ ਟ੍ਰੈਕਿੰਗ ਦੀ ਸਹੂਲਤ ਦਿੰਦਾ ਹੈ, ਵਾਹਨਾਂ ਨੂੰ ਦੂਰੋਂ ਲੌਕ ਅਤੇ ਅਨਲੌਕ ਕਰਨ ਦੀ ਸਮਰੱਥਾ ਸ਼ਾਮਲ ਕਰਦਾ ਹੈ, ਅਤੇ ਸੰਭਾਵੀ ਸਮੱਸਿਆਵਾਂ ਦੀ ਪਛਾਣ ਕਰਨ ਲਈ ਸਿਸਟਮ ਡਾਇਗਨੋਸਟਿਕਸ ਮੁਹੱਈਆ ਕਰਦਾ ਹੈ।

**ਰਿਮੋਟ ਸੰਪਤੀ ਪ੍ਰਬੰਧਨ, ਸੁਰੱਖਿਆ ਸਿਸਟਮ ਸਥਿਤੀ ਦੀ ਨਿਗਰਾਨੀ, ਅਤੇ ਅਸਲੀ-ਸਮੇਂ ਵਿੱਚ ਵਾਹਨ ਸਥਿਤੀ ਨੂੰ ਸਮਰੱਥ ਬਣਾ ਕੇ ਚਲਦੇ ਰਹਿਣ ਦੇ ਸਮੇਂ ਨੂੰ ਵਧਾਉਣਾ।**



### ਕਨੈਕਟ ਪਲੱਸ ਪੈਕੇਜ*

ਕਨੈਕਟ ਪਲੱਸ ਪੈਕੇਜ ਵਿੱਚ ਸ਼ਾਮਲ ਹੈ: ਵਰਚੁਅਲ ਟੈਕਨੀਸ਼ੀਅਨ, ਸੁਰੱਖਿਆ ਇਵੈਂਟ ਵਿਊਅਰ, ਸੇਫਟੀ ਪਲੱਸ, ਰਿਮੋਟ ਲੌਕ/ਅਨਲੌਕ ਅਤੇ ਜਿਓਫੈਂਸ।

### ਰਿਮੋਟ ਲੌਕ / ਅਨਲੌਕ ਅਤੇ ਜਿਓਫੈਂਸ

ਜ਼ਰੂਰਤ ਪੈਣ 'ਤੇ ਵਾਹਨਾਂ ਨੂੰ ਲੌਕ ਅਤੇ ਅਨਲੌਕ ਕਰਨ ਦੀ ਸਮਰੱਥਾ ਸੜਕ ਕਿਨਾਰੇ ਸਹਾਇਤਾ ਦੇ ਖ਼ਰਚੇ ਘਟਾਉਂਦੀ ਹੈ ਅਤੇ ਵਾਹਨ ਦੇ ਚੱਲਦੇ ਰਹਿਣ ਦੇ ਸਮੇਂ ਨੂੰ ਵਧਾਉਂਦੀ ਹੈ।

ਜਿਓਫੈਂਸ ਦੇ ਨਾਲ, ਫਲੀਟ ਮਾਲਕ Detroit Connect® ਪੋਰਟਲ ਵਿੱਚ ਲੋੜ ਮੁਤਾਬਕ ਤੈਅ ਕੀਤੇ ਭੂਗੋਲਿਕ ਖੇਤਰ ਬਣਾ ਸਕਦੇ ਹਨ ਅਤੇ ਵਾਹਨ ਦੇ ਉਸ ਖੇਤਰ ਵਿੱਚ ਦਾਖ਼ਲ ਹੋਣ ਜਾਂ ਉੱਥੋਂ ਨਿਕਲਣ 'ਤੇ ਸੂਚਨਾਵਾਂ ਨੂੰ ਸਮਰੱਥ ਬਣਾ ਸਕਦੇ ਹਨ।

*ਵਿਕਲਪਿਕ ਵਿਸ਼ੇਸ਼ਤਾ

# DETROIT ਲਾਭ ਦਾ ਅਨੁਭਵ ਲਵੋ
## ਫਿਊਲ ਦੀਆਂ ਬਚਤਾਂ ਅਤੇ ਪਰਫੌਰਮੈਂਸ ਲਈ ਸਟੈਂਡਰਡ।



### DETROIT ਪਾਵਰਟ੍ਰੇਨ ਇੰਟੀਗ੍ਰੇਸ਼ਨ

ਫਿਫਥ ਜੈਨਰੇਸ਼ਨ Cascadia ਦਾ ਮਹੱਤਵਪੂਰਨ ਹਿੱਸਾ ਹੈ Detroit® ਪਾਵਰਟ੍ਰੇਨ, ਜਿਸ ਵਿੱਚ 2027 ਦੇ ਸਟੈਂਡਰਡਾਂ ਵਿੱਚ ਤਬਦੀਲੀ ਨੂੰ ਅਸਾਨ ਬਣਾਉਣ ਲਈ ਤਿਆਰ ਕੀਤੀ ਜਾਣੀ-ਪਛਾਣੀ ਆਫਟਰਟ੍ਰੀਟਮੈਂਟ ਤਕਨਾਲੋਜੀ ਦੇ ਨਾਲ, ਸਾਡੇ ਇਤਿਹਾਸ ਵਿੱਚ ਸਭ ਤੋਂ ਵੱਧ ਫਿਊਲ-ਕੁਸ਼ਲਤਾ ਵਾਲੇ ਇੰਜਨ—Gen 6 DD13 ਅਤੇ DD15 ਸ਼ਾਮਲ ਹਨ। ਪੂਰੀ ਤਰ੍ਹਾਂ ਆਧੁਨਿਕ Detroit DT12™ ਔਨ-ਹਾਈਵੇ ਟ੍ਰਾਂਸਮਿਸ਼ਨ ਅਤੇ Detroit ਐਕਸਲਾਂ ਦੇ ਨਾਲ ਮਿਲਾ ਕੇ ਇਹ ਬੇਜੋੜ ਸੁਮੇਲ ਇਹ ਯਕੀਨੀ ਬਣਾਉਂਦੇ ਹੋਏ ਬਿਹਤਰੀਨ ਪਰਫੌਰਮੈਂਸ ਮੁਹੱਈਆ ਕਰਦਾ ਹੈ ਕਿ, ਉਸ ਭਰੋਸੇਯੋਗਤਾ ਅਤੇ ਟਿਕਾਊਪਣ ਨੂੰ ਕਾਇਮ ਰੱਖਦੇ ਹੋਏ, ਜਿਸ ਲਈ Detroit ਨੂੰ ਜਾਣਿਆ ਜਾਂਦਾ ਹੈ, ਤੁਹਾਨੂੰ ਫਿਊਲ ਦੀ ਹਰੇਕ ਬੂੰਦ ਦਾ ਵੱਧ ਤੋਂ ਵੱਧ ਲਾਭ ਮਿਲੇ। ਇੰਟੀਗ੍ਰੇਟਿਡ Detroit ਪਾਵਰਟ੍ਰੇਨ (IDP), Detroit ਪੁਰਜ਼ਿਆਂ ਦਾ ਸਾਡਾ ਸਭ ਤੋਂ ਵੱਧ ਫਿਊਲ-ਕੁਸ਼ਲਤਾ ਵਾਲਾ ਸੁਮੇਲ ਹੈ, ਜੋ ਅਧਿਕਤਮ ਪਰਫੌਰਮੈਂਸ ਅਤੇ ਘੱਟ ਸੰਚਾਲਨ ਲਾਗਤਾਂ ਲਈ ਇਕੱਠੇ ਮਿਲ ਕੇ ਕੰਮ ਕਰਦਾ ਹੈ। ਉੱਨਤ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ, ਇੰਟੈਲੀਜੈਂਟ ਪਾਵਰਟ੍ਰੇਨ ਮੈਨੇਜਮੈਂਟ (IPM), ਪੂਰਵ ਅਨੁਮਾਨ ਲਗਾਉਣ ਵਾਲੀ ਕ੍ਰੂਜ਼ ਤਕਨਾਲੋਜੀ, ਜੋ ਕ੍ਰੂਜ਼ ਕੰਟ੍ਰੋਲ ਵਿੱਚ ਪਾਵਰਟ੍ਰੇਨ ਨੂੰ ਕੁਸ਼ਲਤਾ ਨਾਲ ਚਲਾਉਣ ਲਈ ਜ਼ਮੀਨੀ ਨਕਸ਼ਿਆਂ ਅਤੇ GPS ਦਾ ਇਸਤੇਮਾਲ ਕਰਦੀ ਹੈ ਅਤੇ ਪਹਾੜੀ ਇਲਾਕਿਆਂ ਵਿੱਚ ਰਫ਼ਤਾਰ ਨੂੰ ਬਰਕਰਾਰ ਰੱਖਦੀ ਹੈ। ਫਿਫਥ ਜੈਨਰੇਸ਼ਨ Cascadia ਦੇ ਨਾਲ, Detroit ਵਿੱਚ ਸ਼ਾਮਲ ਹੈ, ਕਰਵ ਐਂਡ ਸਪੀਡ ਅਸਿਸਟ ਦੇ ਨਾਲ IPM, ਜੋ ਮੋੜਾਂ, ਚੌਰਾਹਿਆਂ, ਰੁਕਣ ਅਤੇ ਰਸਤਾ ਦੇਣ ਵਾਲੇ ਚਿੰਨ੍ਹਾਂ, ਅਤੇ ਸਪੀਡ ਲਿਮਿਟਾਂ ਲਈ ਵਧੀ ਹੋਈ ਅਨੁਮਾਨ ਲਗਾਉਣ ਦੀ ਕਾਰਗੁਜ਼ਾਰੀ ਲਿਆਉਂਦਾ ਹੈ। ਅੱਜ ਦੇ ਡ੍ਰਾਈਵਰਾਂ ਅਤੇ ਫਲੀਟ ਓਪਰੇਟਰਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ, Detroit ਪਾਵਰਟ੍ਰੇਨ ਸਿਰਫ਼ ਕੁਸ਼ਲਤਾ ਦਾ ਹੀ ਦਾਅਵਾ ਨਹੀਂ ਕਰਦਾ—ਬਲਕਿ ਇਹ ਤੁਹਾਡੇ ਬਿਜਨੇਸ ਨੂੰ ਵੱਖਰੀ ਪਛਾਣ ਦਿੰਦੇ ਹੋਏ, ਵਧੇਰੇ ਚੁਸਤ, ਵਧੇਰੇ ਤੇਜ਼, ਅਤੇ ਵੱਧ ਭਰੋਸੇਯੋਗ ਡ੍ਰਾਈਵਿੰਗ ਅਨੁਭਵ ਦਿੰਦਾ ਹੈ।

# ਵੱਧ ਤੋਂ ਵੱਧ ਅਰਾਮ ਲਈ ਉੱਚੇ ਦਰਜੇ ਦਾ ਇੰਟੀਰੀਅਰ

ਘਰ ਤੋਂ ਦੂਰ ਤੁਹਾਡਾ ਘਰ।

ਫਿਫਥ ਜੈਨਰੇਸ਼ਨ Cascadia ਡ੍ਰਾਈਵਰ ਦੇ ਅਰਾਮ ਨੂੰ ਵੱਧ ਤੋਂ ਵੱਧ ਕਰਨ ਅਤੇ ਉਤਪਾਦਕਤਾ ਵਿੱਚ ਵਾਧਾ ਕਰਨ ਲਈ ਅਨੁਕੂਲ ਬਣਾਉਣ ਯੋਗ ਕੈਬ ਅਤੇ ਸਲੀਪਰ ਇੰਟਰੀਅਰ ਪੇਸ਼ ਕਰਦਾ ਹੈ। ਵਿਕਲਪਾਂ ਵਿੱਚ ਸ਼ਾਮਲ ਹਨ, ਵੱਖ-ਵੱਖ ਸਲੀਪਰ ਕੈਬ ਕੌਂਫਿਗਰੇਸ਼ਨਾਂ, ਟ੍ਰਿਮ, ਸੀਟਾਂ ਦੇ ਕੱਪੜੇ, ਅਤੇ ਫ੍ਰਿੱਜ ਦੇ ਵਿਕਲਪ। ਵਿਕਲਪਿਕ ਡ੍ਰਾਈਵਰ ਲਾਉਂਜ ਵਿੱਚ ਸ਼ਾਮਲ ਹਨ, ਖਾਣਾ ਖਾਣ ਅਤੇ ਕੰਮ ਕਰਨ ਲਈ ਮਲਟੀਫੰਕਸ਼ਨਲ ਅਤੇ ਫੋਲਡ ਹੋਣ ਵਾਲੀ ਮੇਜ਼, ਅਤੇ ਉਪਰਲੇ ਬੰਕ ਤੱਕ ਜਾਣ ਵਿੱਚ ਸਹੂਲਤ ਲਈ ਖਿੱਚ ਕੇ ਫੈਲਾਈ ਜਾਣ ਵਾਲੀ ਪੌੜੀ। ਐਰੋਗਨੋਮਿਕ ਡਿਜ਼ਾਈਨ ਅਤੇ ਸ਼ੋਰ ਘਟਾਉਣ ਵਾਲੀ ਤਕਨਾਲੋਜੀ ਸਮੁੱਚੀ ਕੈਬ ਵਿੱਚ ਇੱਕ ਅਰਾਮਦਾਇਕ, ਕੰਮ ਲਈ ਸੁਵਿਧਾਜਨਕ ਮਾਹੌਲ ਨੂੰ ਯਕੀਨੀ ਬਣਾਉਂਦੇ ਹਨ। ਮੁੱਖ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ, ਕਾਫ਼ੀ ਸਟੋਰੇਜ, ਐਡਜਸਟ ਕਰਨ ਯੋਗ ਟੀਵੀ ਬ੍ਰੈਕੇਟ, ਉੱਪਰੀ ਬੰਕ ਲਈ ਵੈਂਟ ਦੇ ਨਾਲ HVAC, DC ਅਤੇ AC ਪਾਵਰ ਆਊਟਲੈਟ, ਅਤੇ USB-C ਚਾਰਜਿੰਗ ਪੋਰਟ।



## ਐਰੋਗਨੋਮਿਕ ਡਿਜ਼ਾਈਨ ਅਤੇ ਸ਼ੋਰ ਘਟਾਉਣ ਵਾਲੀ ਤਕਨਾਲੋਜੀ ਇੱਕ ਅਰਾਮਦਾਇਕ, ਕੰਮ ਲਈ ਸੁਵਿਧਾਜਨਕ ਮਾਹੌਲ ਨੂੰ ਯਕੀਨੀ ਬਣਾਉਂਦੇ ਹਨ।



### ਇੰਟਰਐਕਟਿਵ ਟਚਸਕ੍ਰੀਨ ਡਿਸਪਲੇ

ਸਟੈਂਡਰਡ 7" ਇੰਟਰਐਕਟਿਵ ਟਚਸਕ੍ਰੀਨ ਡਿਸਪਲੇ Apple CarPlay®, Android Auto™, ਸੈਟੇਲਾਈਟ ਰੇਡੀਓ, AM/FM/ਵੈਦਰਬੈਂਡ ਅਤੇ ਇੰਟੀਗ੍ਰੇਟਿਡ ਮਾਈਕ੍ਰੋਫੋਨ ਸਹਾਇਤਾ ਰਾਹੀਂ ਹੈਂਡਸ-ਫ੍ਰੀ ਔਡੀਓ ਤੱਕ ਅਸਾਨ ਪਹੁੰਚ ਪੇਸ਼ ਕਰਦਾ ਹੈ। ਇਸਦਾ ਅਸਾਨ, ਸਹਿਜ ਲੇਆਉਟ, ਕੈਬ ਦੇ ਮੁੱਖ ਫੰਕਸ਼ਨਾਂ ਨੂੰ ਸੁਵਿਧਾਜਨਕ ਤਰੀਕੇ ਨਾਲ ਸੰਭਾਲਣ ਅਤੇ ਸੜਕ 'ਤੇ ਧਿਆਨ ਕੇਂਦ੍ਰਿਤ ਰੱਖਣ ਵਿੱਚ ਡ੍ਰਾਈਵਰਾਂ ਦੀ ਮਦਦ ਕਰਦਾ ਹੈ।



### PLATFORM SCIENCE VIRTUAL VEHICLE™ ਲਈ ਗੇਟਵੇਅ ਦੇ ਨਾਲ DIGITAL DASH*

Virtual Vehicle™ ਲਈ ਗੇਟਵੇਅ ਦੇ ਨਾਲ Digital Dash ਨੈਵੀਗੇਸ਼ਨ, ਐਪਾਂ ਅਤੇ ਵਾਹਨ ਦੇ ਨਿਯੰਤ੍ਰਣਾਂ ਨੂੰ ਇੱਕ ਏਕੀਕ੍ਰਿਤ, ਡ੍ਰਾਈਵਰ-ਕੇਂਦਰਿਤ ਸਿਸਟਮ ਵਿੱਚ ਲਿਆ ਕੇ ਟਰੱਕ, ਡ੍ਰਾਈਵਰ, ਅਤੇ ਫਲੀਟ ਨੂੰ ਜੋੜਦਾ ਹੈ।

- ਬਿਹਤਰ Digital Dash ਡਿਸਪਲੇ ਜ਼ਰੂਰੀ ਵਾਹਨ ਸੰਬੰਧੀ ਜਾਣਕਾਰੀ ਦਾ ਇੱਕ ਵਧੇਰੇ ਸਾਫ, ਵੱਧ ਸ਼ਾਨਦਾਰ ਦਿਰ੍ਸ਼ ਪੇਸ਼ ਕਰਦੇ ਹੋਏ , 12" B ਪੈਨਲ ਡਿਸਪਲੇ — ਪਹਿਲਾਂ ਨਾਲੋਂ ਦੋ ਇੰਚ ਵੱਡਾ — ਦੇ ਨਾਲ ਡਰ੍ਹਾਈਵਰ ਅਨੁਭਵ ਨੂੰ ਹੋਰ ਬਿਹਤਰ ਬਣਾਉਂਦਾ ਹੈ।
- ਹੁਣ ਵਾਇਰਲੈਸ Apple CarPlay® ਅਤੇ Android Auto™, ਅਵਾਜ਼ ਪਛਾਣ, ਵੌਇਸ ਕਮਾਂਡ ਸਮਰੱਥਤਾਵਾਂ, ਅਤੇ ਏਕੀਕਿਰ੍ਤ ਕੈਮਰਾ ਦਿਰ੍ਸ਼ ਪੇਸ਼ ਕਰਦੇ ਹੋਏ, ਸਿਸਟਮ ਸਹਿਜ ਨਿਯੰਤਰ੍ਣ ਅਤੇ ਡਰ੍ਹਾਈਵਰ ਦੇ ਬਿਹਤਰ ਧਿਆਨ ਲਈ ਤਿਆਰ ਕੀਤਾ ਗਿਆ ਹੈ।
- ਬਿਹਤਰ Digital Dash ਡ੍ਰਾਈਵਰਾਂ ਨੂੰ Platform Science Virtual Vehicle™ ਪਲੇਟਫਾਰਮ ਤੋਂ ਨੈਵੀਗੇਸ਼ਨ, ਵਰਕਫਲੋ ਅਤੇ ਅਨੁਪਾਲਣ ਟੂਲਸ, ਮੈਸੇਜਿੰਗ, ਅਤੇ ਦੂਜੀਆਂ ਜੁੜੀਆਂ ਹੋਈਆਂ ਐਪਾਂ ਤੱਕ ਅਸਾਨੀ ਨਾਲ ਪਹੁੰਚਣ ਦੀ ਸਹੂਲਤ ਦਿੰਦਾ ਹੈ।

*ਕੁਝ ਵਿਸ਼ੇਸ਼ਤਾਵਾਂ ਲਈ ਸਬਸਕ੍ਰਿਪਸ਼ਨ ਜ਼ਰੂਰੀ ਹੈ।

### ਬਿਨਾਂ ਖਾਲੀ ਇੰਜਣ ਚਲਾਏ ਜਲਵਾਯੂ ਨਿਯੰਤ੍ਰਣ

ਡੁਅਲ ਪਾਰਕਡ HVAC ਸਿਸਟਮ ਇੱਕ Espar ਹੀਟਰ ਅਤੇ ਪੂਰੀ ਤਰ੍ਹਾਂ ਬੈਟਰੀ ਨਾਲ ਚੱਲਣ ਵਾਲੀ ਇਲੈਕਟ੍ਰਿਕ ਏਅਰ ਕੰਡੀਸ਼ਨਿੰਗ ਵਰਤ ਕੇ ਇੰਜਣ ਬੰਦ ਹੋਣ 'ਤੇ ਵੀ ਭਰੋਸੇਯੋਗ ਹੀਟਿੰਗ ਅਤੇ ਕੂਲਿੰਗ ਦਿੰਦਾ ਹੈ। ਇਹ ਸਹਾਇਕ ਬੈਟਰੀ ਪੈਕ ਨਾਲ ਚੱਲਦਾ ਹੈ ਅਤੇ ਵਾਧੂ ਹੀਟਿੰਗ ਜਾਂ ਕੂਲਿੰਗ ਦੀ ਲੋੜ ਪੈਣ 'ਤੇ ਲੰਮੇ ਸਮੇਂ ਤਕ ਚੱਲਣ ਲਈ ਔਪਟੀਮਾਈਜ਼ਡ ਆਈਡਲ ਦੇ ਨਾਲ ਅਨੁਕੂਲ ਬਣਿਆ ਰਹਿੰਦਾ ਹੈ। ਫੈਕਟਰੀ ਵਿੱਚ ਇੰਸਟਾਲ ਕੀਤੇ ਵਿਕਲਪਿਕ ਸੋਲਰ ਪੈਨਲ ਕੁਸ਼ਲਤਾ ਨੂੰ ਵਧਾਉਣ ਲਈ ਬੈਟਰੀ ਚਾਰਜ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ। ਆਟੋਮੈਟਿਕ ਥਰਮੋਸਟੇਟ ਨਿਯੰਤ੍ਰਣ ਅਤੇ ਪ੍ਰੀਮੀਅਮ ਇੰਸੁਲੇਸ਼ਨ ਇਕਸਾਰ ਅਤੇ ਸ਼ਾਂਤ ਸਲੀਪਰ ਮਹੌਲ ਬਰਕਰਾਰ ਰੱਖਦੇ ਹਨ, ਨਾਲ ਹੀ ਹਾਲੀਆ ਸਿਸਟਮ ਸੁਧਾਰ ਤਾਪਮਾਨ ਸਥਿਰਤਾ ਅਤੇ ਊਰਜਾ ਵਰਤੋਂ ਹੋਰ ਬਿਹਤਰ ਬਣਾਉਂਦੇ ਹਨ। ਡ੍ਰਾਈਵਰ ਫਿਊਲ ਦੀ ਖਪਤ, ਨਿਕਾਸੀਆਂ, ਅਤੇ ਰੱਖ-ਰਖਾਅ ਦੀਆਂ ਲੋੜਾਂ ਨੂੰ ਘਟਾਉਂਦੇ ਹੋਏ ਸ਼ਾਨਦਾਰ ਅਰਾਮ ਦਾ ਅਨੁਭਵ ਕਰਦੇ ਹਨ।

# ਸਟੈਂਡਰਡ ਵਿਸ਼ੇਸ਼ਤਾਵਾਂ

### ਸੁਰੱਖਿਆ ਸਿਸਟਮਾਂ ਦੇ ABA6 ਸੂਈਟ ਦੇ ਨਾਲ DETROIT ASSURANCE

- ਐਕਟਿਵ ਬ੍ਰੇਕ ਅਸਿਸਟ 6
  - ਚਲਦੇ ਅਤੇ ਖੜ੍ਹੇ ਵਾਹਨਾਂ, ਥੋੜ੍ਹੇ ਕਿਨਾਰੇ 'ਤੇ ਚੱਲਣ ਵਾਲੇ ਵਾਹਨਾਂ ਅਤੇ ਤਿਰਛੇ ਖੜ੍ਹੇ ਵਾਹਨਾਂ, ਮੋੜਾਂ ਜਾਂ ਮਲਟੀਪਲ-ਲੇਨਾਂ ਵਿੱਚ ਦਿੱਸਣਯੋਗ ਵਾਹਨਾਂ, ਅਤੇ ਚਲਦੇ ਅਤੇ ਖੜ੍ਹੇ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਲਈ ਪੂਰੀ ਤਰ੍ਹਾਂ ਆਟੋਮੈਟਿਕ ਐਮਰਜੈਂਸੀ ਬ੍ਰੇਕਿੰਗ।
- ਕ੍ਰੌਸ ਟ੍ਰੈਫਿਕ ਅਸਿਸਟ
- ਐਕਟਿਵ ਸਾਈਡ ਗਾਰਡ ਅਸਿਸਟ 2
- 0 MPH ਤੱਕ ਅਡੈਪਟਿਵ ਕ੍ਰੂਜ਼ ਕੰਟ੍ਰੋਲ
- ਸਾਈਡ ਗਾਰਡ ਅਲਰਟ 2
- ਫ੍ਰੰਟ ਗਾਰਡ ਅਲਰਟ
- ਲੇਨ ਡਿਪਾਰਚਰ ਚਿਤਾਵਨੀ
- ਟ੍ਰੈਫਿਕ ਸੰਕੇਤ ਡਿਸਪਲੇ
- ਪਿੱਛੇ ਤੋਂ ਘੱਟ ਦੂਰੀ ਦੀ ਚਿਤਾਵਨੀ
- ਅੱਗੇ ਵੱਲ ਦੇਖਣ ਵਾਲਾ ਕੈਮਰਾ
- ਆਟੋਮੈਟਿਕ ਵਾਈਪਰ/ਹੈੱਡਲੈਂਪ
- ਇੰਟੈਲੀਜੈਂਟ ਹਾਈ ਬੀਮ

### ਸੁਰੱਖਿਆ

- ਈਪਾਰਕ ਬ੍ਰੇਕ ਦੇ ਨਾਲ ਇੰਟੈਲੀਜੈਂਟ ਬ੍ਰੇਕਿੰਗ ਕੰਟ੍ਰੋਲ ਸਿਸਟਮ
- ਬਿਹਤਰ ਸਥਿਰਤਾ ਕੰਟ੍ਰੋਲ
- ਧੁੰਦ ਹਟਾਉਣ ਅਤੇ ਬਰਫ਼ ਹਟਾਉਣ ਵਾਲੀਆਂ ਆਟੋਮੈਟਿਕ ਡੁਅਲ ਸਟੇਜ ਇੰਟੈਲੀਜੈਂਟ LED ਹੈੱਡਲਾਈਟਾਂ
- ਵੱਧ ਤੋਂ ਵੱਧ ਦਿੱਸਣਯੋਗਤਾ ਲਈ ਅਨੁਕੂਲ ਢਲਾਣ ਵਾਲਾ ਹੁੱਡ

### ਐਰੋਡਾਇਨਾਮਿਕਸ/ਐਕਸਟੀਰੀਅਰ

- ਮੈਕਸ ਐਰੋ ਬੰਪਰ
- ਤਿੰਨ ਹਿੱਸਿਆਂ ਵਾਲੇ ਕੰਪੋਜ਼ਿਟ ਮੂਹਰਲੇ ਪਹੀਏ ਦੇ ਵੈੱਲ ਕਲੋਜ਼ਆਉਟ
- A-ਪਿੱਲਰ ਡਿਫਲੈਕਟਰ
- ਡ੍ਰਾਈਵ ਵ੍ਹੀਲ ਕਵਰ
- ਬਿਹਤਰ ਚੈਸਿਸ ਫੇਅਰਿੰਗ ਸਕਰਟਸ ਵਾਲੀ ਚੈਸਿਸ ਫੇਅਰਿੰਗ*
- 24" ਸਾਈਡ ਐਕਸਟੈਂਡਰਸ ਸਲਾਂ ਦੇ ਨਾਲ ਸਾਈਡ ਐਕਸਟੈਂਡਰ*
- ਅਨੁਕੂਲ ਬਣਾਈ ਰੂਫ ਫੇਅਰਿੰਗ*
- ਅਲੱਗ ਕਰਨ ਯੋਗ ਮੀਂਹ ਦੀ ਟ੍ਰੇ ਅਤੇ ਪਿਛਲੇ ਇੰਜਣ ਤੱਕ ਤੁਰੰਤ ਪਹੁੰਚ
- ਰੰਗ-ਸਮੇਤ ਬਣੀ ਕਲਰ ਗ੍ਰਿਲ
- ਹੁੱਡ-ਤੋਂ-ਬੰਪਰ ਸੀਲ
- ਪੇਂਟ ਕੀਤੇ ਟੋ ਹੁੱਕ ਕਵਰ
- ਇੰਟੀਗ੍ਰੇਟਿਡ ਐਂਟੀਨਾ

### ਡ੍ਰਾਈਵਟ੍ਰੇਨ ਅਤੇ ਸੰਬੰਧਿਤ ਕੰਪੋਨੈਂਟ

- Detroit Gen 6 DD13 ਇੰਜਣ (116" BBC Cascadia)
- Detroit Gen 6 DD15 ਇੰਜਣ (126" BBC Cascadia)
- Detroit DT12 ਔਨ-ਹਾਈਵੇ ਸੀਰੀਜ਼ ਆਟੋਮੇਟਿਡ ਮੈਨੂਅਲ ਟ੍ਰਾਂਸਮਿਸ਼ਨ
- 2027-ਅਨੁਕੂਲ ਆਫਟਰਟ੍ਰੀਟਮੈਂਟ ਤਕਨਾਲੋਜੀ
- Detroit 12k ਸਟੀਅਰ ਐਕਸਲ
- Detroit 23K ਸਿੰਗਲ ਰੀਅਰ ਅਤੇ ਐਕਸਲ ਲਿਊਬ ਮੈਨੇਜਮੈਂਟ 2.0 ਦੇ ਨਾਲ 40K ਟੈਂਡਮ ਰੀਅਰ ਐਕਸਲ
- ਸਪੀਡ ਅਤੇ ਕਰਵ ਅਸਿਸਟ ਦੇ ਨਾਲ ਇੰਟੈਲੀਜੈਂਟ ਪਾਵਰਟ੍ਰੇਨ ਮੈਨੇਜਮੈਂਟ
- ਪੌਜ਼ਿਟਿਵ ਪੈਡ ਰਿਟ੍ਰੈਕਸ਼ਨ ਦੇ ਨਾਲ Meritor ਏਅਰ ਡਿਸਕ ਬ੍ਰੇਕਾਂ
- TRW ਸਿੰਗਲ THP-60 ਪਾਵਰ ਸਟੀਅਰਿੰਗ ਗੀਅਰ
- 50-ਡਿਗਰੀ ਤੱਕ ਵ੍ਹੀਲ ਕਟ

### ਇੰਟੀਰੀਅਰ

- ਮਿਡਨਾਈਟ ਬਲੈਕ ਬੇਸ ਲੈਵਲ ਇੰਟੀਰੀਅਰ
- 5" LCD ਸਕ੍ਰੀਨ ਦੇ ਨਾਲ ਇੰਸਟਰੂਮੈਂਟ ਕਲਸਟਰ
- Apple CarPlay® ਅਤੇ Android Auto™ ਦੇ ਨਾਲ 7" ਇੰਟਰਐਕਟਿਵ ਟਚਸਕ੍ਰੀਨ ਡਿਸਪਲੇ
- ਹਾਈ-ਟੈਕ ਥਰਮਲ ਅਤੇ ਸ਼ੋਰ ਇੰਸੂਲੇਸ਼ਨ
- ਪਾਵਰ ਐਡਜਸਟਮੈਂਟ ਦੇ ਨਾਲ ਹੀਟਡ ਸਾਈਡ ਸ਼ੀਸ਼ੇ
- ਆਟੋਮੈਟਿਕ ਡੋਰ ਲੌਕ
- ਏਕੀਕ੍ਰਿਤ ਨਿਯੰਤ੍ਰਣਾਂ ਦੇ ਨਾਲ ਸਟੀਅਰਿੰਗ ਵ੍ਹੀਲ
- ਐਡਜਸਟ ਕਰਨ ਯੋਗ ਟਿਲਟ-ਟੈਲੀਸਕੋਪਿੰਗ ਸਟੀਅਰਿੰਗ ਕਾਲਮ
- ਚਾਰੇ ਪਾਸੇ ਲਿਪਟਿਆ ਅਤੇ ਹੇਠਾਂ ਲੱਗਿਆ ਡੈਸ਼ਬੋਰਡ
- ਰੈਪਡ-ਇਨ ਵਨ ਪੀਸ ਵਿੰਡਸ਼ੀਲਡ
- ਵੱਡੀਆਂ ਪਿਛਲੀਆਂ ਖਿੜਕੀਆਂ: ਡੇ ਕੈਬ ਐਪਲੀਕੇਸ਼ਨ ਵਿੱਚ 56" x 22" ਇਕੱਠਾ ਦੇਖਣਯੋਗ ਖੇਤਰ
- ਡੇ ਡੈਸ਼-ਮਾਊਂਟਡ ਵੈਂਟਾਂ, ਅੱਠ ਬਲੋਅਰ ਸਪੀਡਾਂ ਦੇ ਨਾਲ ਪਾਵਰਫੁਲ HVAC ਸਿਸਟਮ
- ਓਵਰਹੈੱਡ ਸਟੋਰੇਜ ਕੰਸੋਲ
- A&B ਪਿਲਰ ਗ੍ਰੈਬ ਹੈਂਡਲ
- ਇੱਕੋ ਥਾਂ 'ਤੇ ਇਕੱਠੇ ਕੀਤੇ ਡਿਸਟ੍ਰੀਬਿਊਸ਼ਨ ਸੈਂਟਰ ਫਿਊਜ਼ ਅਤੇ ਸਰਕਟ ਬ੍ਰੇਕਰ

### ਬਿਜਨੇਸ ਇੰਟੈਲੀਜੈਂਸ ਟੂਲ

- ਵਰਚੁਅਲ ਟੈਕਨੀਸ਼ੀਅਨ, ਰਿਮੋਟ ਪੈਰਾਮੀਟਰ ਅੱਪਡੇਟਾਂ (7), ਸੇਫਟੀ ਪਲੱਸ, ਸੇਫਟੀ ਇਵੈਂਸ ਵਿਊਅਰ ਦੇ ਨਾਲ Detroit Connect® Core

*ਸਲੀਪਰ ਅਤੇ ਮਿਡ ਰੂਫ ਕੈਬ ਕੌਂਫਿਗਰੇਸ਼ਨਾਂ 'ਤੇ ਸਟੈਂਡਰਡ*

# ਵਿਕਲਪਿਕ ਵਿਸ਼ੇਸ਼ਤਾਵਾਂ

### DETROIT ASSURANCE ਦੀਆਂ ਵਧੀਕ ਵਿਸ਼ੇਸ਼ਤਾਵਾਂ

- ਐਕਟਿਵ ਲੇਨ ਅਸਿਸਟ 2
- ਸਿਰਫ਼ ਚਿਤਾਵਨੀਆਂ ਵਾਲਾ ਟ੍ਰੈਫਿਕ ਸੰਕੇਤ ਡਿਸਪਲੇ
- ਐਕਟਿਵ ਸਪੀਡ ਇੰਟਰਵੈਨਸ਼ਨ

### ਸੁਰੱਖਿਆ

- MirrorCam ਸਿਸਟਮ
- ਸਲੀਪਰ ਵਿੱਚ ਸੇਫਟੀ ਪੈਨਿਕ ਬਟਨ
- LifeGuard RollTek® ਡ੍ਰਾਈਵਰ ਅਤੇ ਸਵਾਰੀ ਲਈ ਵਾਹਨ ਪਲਟਣ ਦੇ ਦੌਰਾਨ ਸੁਰੱਖਿਆ ਅਤੇ ਸੀਟ 'ਤੇ ਲੱਗਿਆ ਏਅਰਬੈਗ ਸਿਸਟਮ
- ਡ੍ਰਾਈਵਰ ਦਾ ਸਪਲੀਮੈਂਟਲ ਰਿਸਟ੍ਰੇਨਟ ਸਿਸਟਮ ਸਟੀਅਰਿੰਗ ਵ੍ਹੀਲ ਏਅਰਬੈਗ

### ਐਕਸਟੀਰੀਅਰ

- ਅਨੁਕੂਲਿਤ ਡ੍ਰਾਈਵ ਵ੍ਹੀਲ ਫੇਅਰਿੰਗਸ*
- ਐਲੀਟ ਐਕਸਟੀਰੀਅਰ ਪੈਕੇਜ: ਸਿਲਵਰ ਮੈਟ ਗ੍ਰਿਲ ਇਨਸਰਟਸ ਅਤੇ ਕ੍ਰੋਮ ਐਰੋਡਾਇਨਾਮਿਕ ਸ਼ੀਸ਼ੇ ਅਤੇ ਦਰਵਾਜ਼ੇ ਦੇ ਹੈਂਡਲ
- ਹੀਟਡ ਹੁੱਡ 'ਤੇ ਲੱਗੇ ਸ਼ੀਸ਼ੇ
- Wabco ECAS
- ਸੀਵੀਅਰ ਡਿਊਟੀ ਹਾਰਨੈਸ ਪ੍ਰੋਟੈਕਸ਼ਨ

### ਇੰਟੀਰੀਅਰ

- ਐਲੀਟ ਕੌਕਪਿਟ ਇੰਟੀਰੀਅਰ ਟ੍ਰਿਮ ਪੈਕੇਜ (ਸੈਡਲ ਟੈਨ ਜਾਂ ਸਲੇਟ ਗ੍ਰੇ)
- ਔਪਟ ਆਈਡਲ ਦੇ ਨਾਲ ਡੁਅਲ-ਪਾਰਕਡ HVAC
- Platform Science Virtual Vehicle™ ਲਈ ਗੇਟਵੇਅ ਦੇ ਨਾਲ Digital Dash

### ਡ੍ਰਾਈਵਟ੍ਰੇਨ ਅਤੇ ਸੰਬੰਧਿਤ ਕੰਪੋਨੈਂਟ

- Cummins X15 ਅਤੇ X15N ਇੰਜਣ
- Detroit, Meritor ਅਤੇ Hendrickson ਵੱਲੋਂ 14.7k ਤੱਕ ਦੇ ਮੂਹਰਲੇ ਐਕਸਲ
- Detroit ਅਤੇ Meritor ਵੱਲੋਂ 46k ਤੱਕ ਦੇ ਪਿਛਲੇ ਐਕਸਲ
- Freightliner ਅਤੇ Hendrickson ਸਸਪੈਨਸ਼ਨ
- ਸਟੀਅਰ ਅਤੇ ਡ੍ਰਾਈਵ ਐਕਸਲਾਂ ਲਈ Wabco and Bendix™ ਏਅਰ ਡਿਸਕ ਬ੍ਰੇਕਾਂ
- ਚੌੜੇ ਬੇਸ ਵਾਲੇ ਇੱਕੋ ਵ੍ਹੀਲ ਅਤੇ ਟਾਇਰ ਦੇ ਵਿਕਲਪ

### ਬਿਜਨੇਸ ਇੰਟੈਲੀਜੈਂਸ ਟੂਲ

- ਵਰਚੁਅਲ ਟੈਕਨੀਸ਼ੀਅਨ, ਰਿਮੋਟ ਅੱਪਡੇਟ, ਜਿਓਫੈਂਸ, ਰਿਮੋਟ ਲੌਕ / ਅਨਲੌਕ, ਅਤੇ ਸੇਫਟੀ ਪਲੱਸ ਦੇ ਨਾਲ Detroit Connect® ਪਲੱਸ ਪੈਕੇਜ
- ਅੱਗੇ ਅਤੇ ਡ੍ਰਾਈਵਰ ਵੱਲ ਦਾ ਵੀਡੀਓ ਕੈਪਚਰ
- ਥਰਡ ਪਾਰਟੀ ਟੈਲੀਮੈਟਿਕਸ ਪ੍ਰੀ-ਵਾਇਰ ਪੈਕੇਜ

### ਡ੍ਰਾਈਵਰ ਦਾ ਲਾਊਂਜ ਪੈਕੇਜ

- ਮਰਫੀ ਬੈੱਡ
- ਡਾਈਨੇਟ ਟੇਬਲ
- ਸੀਟ ਬੈਲਟਾਂ ਵਾਲੀਆਂ ਦੋ ਸੀਟਾਂ
- ਫਲੈਟ ਸਕ੍ਰੀਨ ਟੀਵੀ ਮਾਊਂਟ
- 1,800-ਵਾਟ ਇਨਵਰਟਰ ਜਾਂ ਪ੍ਰੀ-ਵਾਇਰ ਵਾਲਾ AC ਆਊਟਲੈਟ




Freightliner EPA, CARB ਨਿਕਾਸੀਆਂ, GHG ਅਤੇ OBD ਲੋੜਾਂ ਦੇ ਮੁਤਾਬਕ ਕਈ ਤਰ੍ਹਾਂ ਦੇ ਉਤਪਾਦ ਮੁਹੱਈਆ ਕਰਦਾ ਹੈ।
ਕਿਰਪਾ ਕਰਕੇ ਉਤਪਾਦ ਦੀ ਅਜਿਹੀ ਚੋਣ ਨੂੰ ਯਕੀਨੀ ਬਣਾਉਣ ਲਈ, ਜੋ ਤੁਹਾਡੀਆਂ ਖਾਸ ਲੋੜਾਂ ਨੂੰ ਪੂਰਾ ਕਰਦੀ ਹੋਵੇ, ਆਪਣੇ ਸਥਾਨਕ ਡੀਲਰ ਨਾਲ ਮਸ਼ਵਰਾ ਕਰੋ।

INTRODUCING THE FIFTH GENERATION

# CASCADIA®

## CASCADIA CONFIGURATOR ਦੇ ਨਾਲ ਆਪਣੀ ਡ੍ਰਾਈਵ ਡਿਜ਼ਾਈਨ ਕਰੋ ਬਿਲਕੁਲ ਉਸੇ ਤਰੀਕੇ ਨਾਲ ਬਣਾਇਆ ਗਿਆ, ਜਿਸ ਤਰ੍ਹਾਂ ਤੁਸੀਂ ਆਪਣਾ ਬਿਜਨੇਸ ਕਰਦੇ ਹੋ।

Cascadia Configurator ਦੇ ਨਾਲ, ਕਈ ਤਰ੍ਹਾਂ ਦੇ ਐਕਟੀਰੀਅਰ ਕੈਬਸ ਅਤੇ ਰੰਗਾਂ, ਇੰਟੀਰੀਅਰ ਸਲੀਪਰ ਸੈੱਟਅਪ, ਅਤੇ ਏਕੀਕ੍ਰਿਤ ਪਾਵਰਟ੍ਰੇਨ ਅਤੇ ਸੁਰੱਖਿਆ ਵਿਕਲਪਾਂ ਦੀ ਪੜਚੋਲ ਕਰੋ। ਤੁਸੀਂ ਜਾਣਦੇ ਹੋ ਕਿ ਤੁਹਾਡੀ ਟੀਮ ਨੂੰ ਕੀ ਚਾਹੀਦਾ ਹੈ, ਅਤੇ ਅਸੀਂ ਉਹ ਸਭ ਮੁਹੱਈਆ ਕਰਨ ਲਈ ਮੌਜੂਦ ਹਾਂ।

**ਅਨੁਕੂਲ ਬਣਾਉਣਾ ਸ਼ੁਰੂ ਕਰਨ ਲਈ ਸਕੈਨ ਕਰੋ ਜਾਂ FREIGHTLINER.COM/TRUCKS/CASCADIA/CONFIGURATOR 'ਤੇ ਜਾਓ**

DAIMLER TRUCK
Financial Services

Daimler Truck Financial Services ਵੱਲੋਂ ਵਿਆਪਕ ਫਾਈਨੈਂਸ, ਲੀਜ਼, ਅਤੇ ਬੀਮਾ ਸੰਬੰਧੀ ਹੱਲ।
ਵਧੇਰੇ ਜਾਣਕਾਰੀ, daimler-truckfinancial.com 'ਤੇ ਲਵੋ।
ਕੈਨੇਡਾ ਵਿੱਚ ਫਾਈਨੈਂਸਿੰਗ ਲਈ, daimler-truckfinancial.ca.'ਤੇ ਜਾਓ।

545, 6/26. Freightliner Trucks ISO 50001:2018, ISO9001:2015 ਅਤੇ ISO 14001:2015 ਹੇਠ ਰਜਿਸਟਰਡ ਹਨ ਤਕਨਾਲੋਜ ਵੇਰਵੇ ਬਿਨਾਂ ਨੋਟਿਸ ਦੇ ਬਦਲ ਸਕਦੇ ਹਨ। ਕਾਪੀਰਾਈਟ © 2026 Daimler Truck North America LLC. ਸਾਰੇ ਹੱਕ ਰਾਖਵੇਂ ਹਨ। Freightliner Trucks, ਇੱਕ Daimler Truck ਕੰਪਨੀ, Daimler Truck North America LLC ਦੀ ਡਿਵੀਜ਼ਨ ਹੈ।



FTL-EMC-BRO-P127-0626